
# ਮੈਂ ਪਲਸ ਆਕਸੀਮੀਟਰ ਦੀ ਵਰਤੋਂ ਕਿਵੇਂ ਕਰਾਂ?



**ਪਲਸ ਆਕਸੀਮੀਟਰ** ਇੱਕ ਛੋਟਾ ਜਿਹਾ ਯੰਤਰ ਹੈ ਜਿਵੇਂ ਕਿ ਕੱਪੜੇ ਤੇ ਲਗਾਉਣ ਵਾਲਾ ਕਲਿੱਪ ਵਰਗਾ ਅਤੇ **ਦਿਲ ਦੀ ਧੜਕਣ** ਅਤੇ **ਖੂਨ ਵਿੱਚ ਆਕਸੀਜਨ** ਨੂੰ ਮਾਪਦਾ ਹੈ।

**96-100** ਦੇ ਵਿਚਕਾਰ ਹੈ ਰੀਡਿੰਗ ਤਾਂ **ਇਹ ਨੌਰਮਲ ਹੈ**

## ਵਰਤੋਂ ਲਈ ਕਦਮ



1. ਕਾਟਨ ਸਵੈਬ ਅਤੇ ਐਂਟੀਸੈਪਟਿਕ ਘੋਲ ਨਾਲ **ਆਕਸੀਮੀਟਰ ਨੂੰ ਸਾਫ਼ ਕਰੋ।**
2. ਆਪਣੇ **ਹੱਥਾਂ ਨੂੰ ਧੋ ਕੇ ਸੁਕਾਓ।** ਨੇਲ ਪੋਲਿਸ਼ ਜਾਂ ਮਹਿੰਦੀ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰੋ।
3. ਆਪਣੇ **ਹੱਥਾਂ** ਨੂੰ **ਗਰਮ** ਕਰਨ ਲਈ ਰਗੜੋ।
4. ਆਰਾਮ ਨਾਲ ਬੈਠੋ ਅਤੇ 5 ਮਿੰਟ ਲਈ ਆਰਾਮ ਕਰੋ।
5. ਇਸ ਨੂੰ ਚਾਲੂ ਕਰੋ । ਆਕਸੀਮੀਟਰ ਨੂੰ ਆਪਣੀ **ਪਹਿਲੀ ਜਾਂ ਵਿਚਕਾਰਲੀ ਉਂਗਲ** 'ਤੇ ਰੱਖੋ। ਆਪਣੀ ਬਾਂਹ ਨੂੰ ਛਾਤੀ ਦੇ ਪੱਧਰ 'ਤੇ ਰੱਖੋ ਅਤੇ ਆਰਾਮ ਨਾਲ ਬੈਠੋ।
6. **ਆਕਸੀਜਨ ਦੀ ਮਾਤਰਾ (ਵੱਡੇ ਅੱਖਰ ਵਿੱਚ) ਅਤੇ ਦਿਲ ਦੀ ਧੜਕਣ (ਛੋਟੇ ਅੱਖਰ ਵਿੱਚ)** ਸਕ੍ਰੀਨ 'ਤੇ ਪ੍ਰਦਰਸ਼ਿਤ ਕੀਤੇ ਜਾਣਗੇ।
7. ਆਕਸੀਮੀਟਰ ਨੂੰ **ਸਾਫ਼** ਕਰੋ ਅਤੇ ਫਿਰ ਇਸ ਨੂੰ ਸਟੋਰ ਕਰੋ।

## ਜੇ ਤੁਹਾਡੇ ਵਿੱਚ ਕੋਈ ਲੱਛਣ ਜਾਂ ਹਲਕੇ ਲੱਛਣ ਹਨ, ਤਾਂ ਦਿਨ ਵਿੱਚ ਤਿੰਨ ਵਾਰ ਆਕਸੀਜਨ ਦੇ ਲੈਵਲ ਦੀ ਜਾਂਚ ਕਰੋ। ਇਸ ਨੂੰ ਇੱਕ ਕਿਤਾਬ ਵਿੱਚ ਲਿਖੋ।

- **ਲਗਾਤਾਰ ਆਕਸੀਜਨ ਦਾ ਲੈਵਲ ਘੱਟ ਹੋਣਾ, ਆਕਸੀਜਨ ਥੈਰੇਪੀ ਦੀ ਲੋੜ ਨੂੰ ਦਰਸਾਉਂਦਾ ਹੈ।**
- **96 ਤੋਂ ਹੇਠਾਂ ਹੋਵੇ ਤਾ ਸੁਚੇਤ ਰਹੋ** ਅਤੇ ਜਾਂਚ ਜਾਰੀ ਰੱਖੋ। ਆਪਣੇ ਪੇਟ ਦੇ ਭਾਰ ਲੇਟ ਜਾਓ **(ਪ੍ਰੋਨ ਕਰਨਾ)।**
- **91-93 ਦੇ ਵਿਚਕਾਰ** ਹੋਵੇ ਤਾ **ਆਕਸੀਜਨ ਦੀ ਸਹੂਲਤ** ਵਾਲੇ ਕੇਂਦਰ ਜਾਓ। ਇਹ ਤੁਹਾਡੇ ਨੇੜੇ ਇੱਕ ਕੋਵਿਡ ਕੇਂਦਰ ਹੋ ਸਕਦਾ ਹੈ।
- **90 ਜਾਂ ਇਸ ਤੋਂ ਘੱਟ** ਹੋਵੇ ਤਾਂ ਤੁਹਾਨੂੰ **ਹਸਪਤਾਲ** ਵਿੱਚ ਭਰਤੀ ਹੋਣ ਦੀ ਲੋੜ ਹੈ

## ਜੇ ਆਕਸੀਮੀਟਰ ਉਪਲਬਧ ਨਹੀਂ ਹੈ

- ਜੇ ਤੁਰਨ ਵਰਗੀਆਂ ਸਧਾਰਣ ਗਤੀਵਿਧੀਆਂ ਕਰਦਿਆਂ ਮਰੀਜ਼ ਨੂੰ ਸਾਹ ਚੜ੍ਹਦਾ ਹੈ, **ਤਾਂ ਸਾਹ ਲੈਣ ਵਿੱਚ ਹਲਕੀ ਮੁਸ਼ਕਲ ਹੋ ਸਕਦੀ ਹੈ**
- ਜੇ ਮਰੀਜ਼ ਨੂੰ ਆਰਾਮ ਕਰਨ ਵੇਲੇ ਸਾਹ ਚੜ੍ਹਦਾ ਹੈ ਜਾਂ ਇਕ ਸਮੇਂ ਵਿੱਚ ਪੂਰਾ ਵਾਕ ਨਹੀਂ ਬੋਲ ਸਕਦਾ, **ਤਾਂ ਸਾਹ ਲੈਣ ਵਿੱਚ ਭਾਰੀ ਮੁਸ਼ਕਲ ਹੋ ਸਕਦੀ ਹੈ**

## ਇਹ ਜਾਣਨਾ ਮਹੱਤਵਪੂਰਣ ਹੈ ਕਿ ਮਦਦ ਲਈ ਕਿੱਥੇ ਜਾਣਾ ਹੈ।

ਇਸ ਲਈ ਇਹ ਕੁਝ **ਹੈਲਪਲਾਈਨ ਨੰਬਰ** ਹਨ ਜੋ ਤੁਸੀਂ ਆਪਣੇ ਨਾਲ ਰੱਖ ਸਕਦੇ ਹੋ:

**ਰਾਸ਼ਟਰੀ ਹੈਲਪਲਾਈਨ 1075 ਹੈ**

**ਡਾਕਟਰ ਨਾਲ ਗੱਲ ਕਰਨ ਲਈ:**

ਈ ਸੰਜੀਵੀਨੀ : **+91-11-23978046**

ਮੁਫ਼ਤ ਕਾਉਂਸਲਿੰਗ ਸਹਾਇਤਾ ਲਈ : **1800-599-0019**